# ਪੰਜਾਬ ਸਕੂਲ ਸਿੱਖਿਆ ਬੋਰਡ

## ਸੂਚਨਾ

**ਸੈਸ਼ਨ 2024-25 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦਾ ਨਤੀਜਾ ਬੋਰਡ ਦੇ ਆਨ-ਲਾਈਨ ਪੋਰਟਲ ਵਿੱਚ ਅੱਪਲੋਡ ਕਰਨ ਅਤੇ ਆਨ-ਲਾਈਨ ਟਰਾਂਸਫਰ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2024-25 ਦੇ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਨਤੀਜਾ ਬੋਰਡ ਦੇ ਪੋਰਟਲ ਵਿੱਚ ਸਕੂਲਾਂ ਦੀ ਲਾਗਇੰਨ ਆਈ. ਡੀ. ਰਾਹੀਂ ਆਨ-ਲਾਈਨ ਅੱਪਲੋਡ ਕਰਨ, ਫਾਈਨਲ ਸਬਮਿਸ਼ਨ ਅਤੇ ਸੋਧ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਸ਼ਡਿਊਲ ਨਿਰਧਾਰਿਤ ਕੀਤਾ ਜਾਂਦਾ ਹੈ:-

| | **ਨਿਰਧਾਰਿਤ ਮਿਤੀ** | **ਪੱਧਰ** |
|---|---|---|
| ਬਿਨਾਂ ਫੀਸ ਦੇ | 01-04-2025 ਤੋਂ 15-05-2025 ਤੱਕ | ਸਕੂਲ ਪੱਧਰ ਤੇ |
| **ਨਿਰਧਾਰਿਤ ਮਿਤੀ 15-05-2025 ਤੋਂ ਬਾਅਦ ਜੁਰਮਾਨਾ/ਸੋਧ ਫੀਸ ਪ੍ਰਤਿ ਵਿਦਿਆਰਥੀ** | | |
| 200/-ਰੁ: | 16-05-2025 ਤੋਂ 16-06-2025 ਤੱਕ | ਜ਼ਿਲ੍ਹਾ ਖੇਤਰੀ ਦਫ਼ਤਰਾਂ ਵਿਖੇ |
| 500/-ਰੁ: | 17-06-2025 ਤੋਂ 30-07-2025 ਤੱਕ | ਜ਼ਿਲ੍ਹਾ ਖੇਤਰੀ ਦਫ਼ਤਰਾਂ ਵਿਖੇ |
| 1000/-ਰੁ: | 31-07-2025 ਤੋਂ ਬਾਅਦ | ਜ਼ਿਲ੍ਹਾ ਖੇਤਰੀ ਦਫ਼ਤਰਾਂ ਵਿਖੇ |

ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦਾ ਨਤੀਜਾ ਆਨ-ਲਾਈਨ Enter ਕਰਦੇ ਸਮੇਂ ਧਿਆਨਪੂਰਵਕ Enter ਕੀਤਾ ਜਾਵੇ ਅਤੇ Final Submission ਕਰਨ ਤੋਂ ਪਹਿਲਾਂ Rough Report ਦਾ ਪ੍ਰਿੰਟ ਲੈ ਕੇ ਸਮੂਹ ਵਿਦਿਆਰਥੀਆਂ ਦਾ ਨਤੀਜਾ ਚੰਗੀ ਤਰ੍ਹਾਂ ਘੋਖ ਲਿਆ ਜਾਵੇ ਅਤੇ ਜੇਕਰ ਕੋਈ ਸੋਧ ਲੋੜੀਂਦੀ ਹੋਵੇ ਤਾਂ ਉਹ ਸੋਧ ਕਰਨ ਉਪਰੰਤ ਹੀ Final Submission ਕੀਤੀ ਜਾਵੇ। ਜੇਕਰ ਫਿਰ ਵੀ ਕਿਸੇ ਸਕੂਲ ਦੇ ਕਿਸੇ ਵਿਦਿਆਰਥੀ ਦੇ ਨਤੀਜੇ ਵਿੱਚ ਕੋਈ ਗਲਤੀ ਰਹਿ ਗਈ ਹੋਵੇ ਅਤੇ ਕੋਈ ਸੋਧ ਕਰਨੀ ਲੋੜੀਂਦੀ ਹੋਵੇ ਤਾਂ ਉਹ ਸਕੂਲ ਮਿਤੀ 15-05-2025 ਤੋਂ ਬਾਅਦ ਸਕੂਲ ਦਾ ਲੈਟਰ ਹੈੱਡ, ਸਹੀ ਨਤੀਜੇ ਦੀ ਕਾਪੀ ਅਤੇ ਬਣਦੀ ਸੋਧ ਫੀਸ ਪ੍ਰਤੀ ਵਿਦਿਆਰਥੀ ਨਾਲ **ਜ਼ਿਲ੍ਹਾ ਖੇਤਰੀ ਦਫ਼ਤਰ** ਵਿਖੇ ਜੁਮਾਂ ਕਰਵਾਉਣ ਉਪਰੰਤ ਹੀ ਸੋਧ ਕਰਵਾ ਸਕਦਾ ਹੈ। ਕਿਉਂਕਿ Final Submission ਕਰਨ ਤੋਂ ਬਾਅਦ ਨਤੀਜੇ ਵਿੱਚ ਸਕੂਲ ਪੱਧਰ ਤੇ ਕੋਈ ਵੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਨਤੀਜਾ Unlock ਕੀਤਾ ਜਾ ਸਕੇਗਾ।

ਜਿੰਨ੍ਹਾਂ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਦਾ ਨਤੀਜਾ ਹੀ ਸਕੂਲ ਪੱਧਰ ਤੇ ਨਿਰਧਾਰਿਤ ਅੰਤਿਮ ਮਿਤੀ ਤੱਕ ਆਨਲਾਈਨ ਅੱਪਲੋਡ ਅਤੇ Final Submission ਕਰਨਾ ਰਹਿ ਜਾਂਦਾ ਹੈ ਤਾਂ ਉਨ੍ਹਾਂ ਵਿਦਿਆਰਥੀਆਂ ਦੇ ਨਤੀਜੇ ਨੂੰ ਬੋਰਡ ਦੇ ਆਨ-ਲਾਈਨ ਪੋਰਟਲ ਤੇ ਸਕੂਲਾਂ ਦੀ ਲਾਗਇੰਨ ਆਈ.ਡੀ. ਰਾਹੀਂ ਅੱਪਲੋਡ ਕਰਕੇ ਆਖਰੀ ਮਿਤੀ 15-05-2025 ਤੋਂ ਬਾਅਦ ਸਕੂਲ ਦਾ ਲੈਟਰ ਹੈੱਡ, ਨਤੀਜੇ ਦੀ

ਕਾਪੀ ਅਤੇ ਪ੍ਰਤਿ ਵਿਦਿਆਰਥੀ ਜੁਰਮਾਨਾ ਫੀਸ ਸਮੇਤ ਜ਼ਿਲ੍ਹਾ ਖੇਤਰੀ ਦਫ਼ਤਰ ਵਿਖੇ Final Submission ਕਰਵਾਈ ਜਾ ਸਕਦੀ ਹੈ।

ਉਪਰੋਕਤ ਤੋ ਇਲਾਵਾ ਸੈਸ਼ਨ 2024-25 ਦੇ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦਾ ਰਿਜ਼ਲਟ ਆਨ-ਲਾਈਨ ਅੱਪਲੋਡ ਕਰਨ ਤੋਂ ਬਾਅਦ ਹੀ ਸਕੂਲ ਛੱਡਣ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ। ਜੋ ਵਿਦਿਆਰਥੀ ਆਪਣਾ ਸਕੂਲ ਛੱਡ ਕੇ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਵਿਦਿਆਰਥੀਆਂ ਦਾ ਸਕੂਲ ਛੱਡਣ ਦਾ ਸਰਟੀਫਿਕੇਟ ਆਨਲਾਈਨ ਜਨਰੇਟ ਕਰਨ ਦੀ ਸੁਵਿਧਾ ਵੀ ਦਿੱਤੀ ਜਾਂਦੀ ਹੈ, ਜੋ ਕਿ ਸੈਸ਼ਨ 2025-26 ਦੇ ਦਾਖਲੇ ਦੀ ਨਿਰਧਾਰਿਤ ਅੰਤਿਮ ਮਿਤੀ ਤੱਕ ਜਨਰੇਟ ਕੀਤੇ ਜਾ ਸਕਦੇ ਹਨ। ਪ੍ਰੰਤੂ ਸੈਸ਼ਨ 2024-25 ਦੇ ਨੌਵੀਂ ਅਤੇ ਗਿਅਰ੍ਹਵੀਂ ਸ਼੍ਰੇਣੀਆਂ ਦੇ ਦੂਜੇ ਰਾਜ/ਬੋਰਡ ਤੋਂ ਆਏ ਵਿਦਿਆਰਥੀਆਂ ਜਿਨ੍ਹਾਂ ਦੇ ਅਧੂਰੇ ਜਾਂ ਸਹੀ ਦਸਤਾਵੇਜ਼ ਨਾ ਹੋਣ ਕਾਰਨ ਰਜਿਸਟ੍ਰੇਸ਼ਨ ਨੰਬਰ ਬੋਰਡ ਵੱਲੋਂ ਜਾਰੀ ਨਹੀਂ ਕੀਤੇ ਗਏ ਅਤੇ Online Error ਲੱਗੇ ਹੋਏ ਹਨ, ਉਨ੍ਹਾਂ ਵਿਦਿਆਰਥੀਆਂ ਦਾ ਸਕੂਲ ਛੱਡਣ ਦਾ ਸਰਟੀਫਿਕੇਟ ਜਾਰੀ ਨਹੀਂ ਹੋ ਸਕੇਗਾ। ਇਸ ਲਈ ਪਹਿਲਾਂ ਉਹਨਾਂ ਵਿਦਿਆਰਥੀਆਂ ਦੇ Error ਸਬੰਧੀ ਦਸਤਾਵੇਜ਼ ਰਜਿਸਟ੍ਰੇਸ਼ਨ ਸ਼ਾਖਾ ਵਿੱਚ ਜਮ੍ਹਾਂ ਕਰਵਾਕੇ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਵਾਏ ਜਾਣ ਅਤੇ ਉਸ ਉਪਰੰਤ ਹੀ ਉਹਨਾਂ ਵਿਦਿਆਰਥੀਆਂ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ।

**ਨੋਟ:- (1) ਜਿੰਨ੍ਹਾਂ ਵਿਦਿਆਰਥੀਆਂ ਦੀ ਨੌਵੀਂ ਜਾਂ ਗਿਆਰ੍ਹਵੀਂ ਸ਼੍ਰੇਣੀ ਵਿੱਚ ਕੰਪਾਰਟਮੈਂਟ ਆਈ ਹੈ, ਉਨ੍ਹਾਂ ਦਾ ਨਤੀਜਾ R.L./Compartment/Re-appear ਰੱਖਿਆ ਜਾਵੇ । ਕੰਪਾਰਟਮੈਂਟ ਵਾਲੇ ਵਿਸ਼ੇ ਪਾਸ ਕੀਤੇ ਜਾਣ ਉਪਰੰਤ ਹੀ ਵਿਦਿਆਰਥੀ ਦਾ ਰਿਜ਼ਲਟ ਅਪਲੋਡ/ਨਤੀਜੇ ਵਿੱਚ ਸੋਧ ਕੀਤੀ ਜਾਵੇ।**

**(2) ਸੈਸ਼ਨ 2024-25 ਦੌਰਾਨ ਜਿਨ੍ਹਾਂ ਵਿਦਿਅਰਥੀਆਂ ਦੀ ਦਸਵੀਂ ਸ਼੍ਰੇਣੀ ਵਿੱਚ Re-appear/Compartment ਹੋਣ ਕਾਰਨ ਗਿਆਰ੍ਹਵੀਂ ਸ਼੍ਰੇਣੀ ਵਿੱਚ Provisional ਦਾਖਲਾ ਦਿੱਤਾ ਸੀ, ਉਨ੍ਹਾਂ ਵਿਦਿਆਰਥੀਆਂ ਵੱਲੋਂ ਜੇਕਰ ਪਹਿਲੇ ਦੋ ਮੌਕਿਆਂ ਵਿੱਚ ਦਸਵੀਂ ਪਾਸ ਕੀਤੀ ਜਾਂਦੀ ਹੈ ਤਾਂ ਹੀ ਉਨ੍ਹਾਂ ਵਿਦਿਆਰਥੀਆਂ ਦਾ ਗਿਆਰ੍ਹਵੀਂ ਸ਼੍ਰੇਣੀ ਦਾ ਨਤੀਜਾ ਪਾਸ/ਫੇਲ ਅੱਪਲੋਡ ਕੀਤਾ ਜਾਵੇ ਨਹੀਂ ਤਾਂ ਉਨ੍ਹਾਂ ਵਿਦਿਆਰਥੀਆਂ ਦਾ ਨਤੀਜਾ Cancel ਹੀ ਭਰਿਆ ਜਾਵੇ।**

01/04/2025

ਸੁਪਰਡੰਟ (ਰਜਿਸਟਰੇਸ਼ਨ)